66

No

੧ ਓ ਸਤਿਗੁਰੂ ਰਾਮਸਿੰਘ ਜੀ ਸਹਾਇ ॥

# ਪੈਂਤੀਸ ਅੱਖਰੀ

INDIA OFFICE
22 OCT 1930

ਕ੍ਰਿਤ

## ਕਵੀ ਬਾਬਾ ਕਾਲਾ ਸਿੰਘ ਜੀ

ਨਾਮਧਾਰੀ—ਪਿੰਡ ਨੰਗਲ ਵੱਡਾ
ਡਾਕਖਾਨਾ ਪੱਖੋਵਾਲ
ਜਿਲਾ ਲੁਧਿਆਨਾ

ਪ੍ਰਕਾਸ਼ਕ

ਇੰਦ੍ਰ ਸਿੰਘ ਚਕ੍ਰਵਰਤੀ

ਸ੍ਰੀ ਭੈਣੀ ਸਾਹਿਬ

ਪਹਿਲੀ ਵਾਰ ੧੦੦੦ ਸੰਮਤ ੧੯੮੫ ਵਿਚ

---

ਬੰਬੇ ਮਸ਼ੀਨ ਪ੍ਰੈਸ ਲਾਹੌਰ ਵਿਚ ਛਪਵਾਈ ॥

Bombay Machine Press Lahore

Sri Satguru Jagjit Singh Ji Elibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

 Pay B 1162

# ਪ੍ਰਸਿੱਧ ਕਵੀ ਬਾਬਾ ਕਾਲਾਸਿੰਘ ਜੀ॥

ਨਾਮਧਾਰੀ ਪੰਥ ਵਿਚ ਸ਼ਾਇਦ ਹੀ ਕੋਈ ਅਜੇਹਾ ਹੋਵੇ ਜੋ ਬਾਬਾ ਕਾਲਾਸਿੰਘ ਜੀ ਤੋਂ ਪ੍ਰਚਿਤ ਨ ਹੋਵੇ। ਆਪ ਜੀ ਦਾ ਪੰਥਕ ਪਜਾਰ ਸੂਰਜਵਤ ਰੋਸ਼ਨ ਹੈ। ਇਤਹਾਸ ਨਾਲ ਆਪ ਜੀ ਨੂੰ ਢੇਰ ਪਜਾਰ ਏ। ਆਪ ਨਾਲ ਜਦ ਵੀ ਕਦੇ ਇਕਾਂਤ ਬਚਨ ਬਲਾਸ ਕਰਨ ਦਾ ਸਮਾ ਮਿਲਯਾ। ਤਾਂ ਆਪ ਇਤਹਾਸ ਸੰਬੰਧੀ ਹੀ ਚਰਚਾ ਕਰਦੇ ਸੁਣੇ। ਨਾਮਧਾਰੀ ਇਤਹਾਸ ਸੰਬੰਧੀ ਆਪ ਜੀ ਨੇ ਇਕ ਦੋ ਪੁਸਤਕ ਵੀ ਲਿਖੇ ਹਨ। ਭਾਵੇਂ ਓਹ ਪੈਂਤੀ ਅਖਰੀ ਤੋਂ ਬਿਨਾ ਅਪ੍ਰਮਾਣੀਕ ਹੀ ਹਨ ਕਿਉਂਕਿ ਉਨ੍ਹਾਂ ਵਿਚ ਅਤਯੋਕਤੀ ਤੋਂ ਬਹੁਤ ਕੰਮ ਲਿਆ ਏ। ਜੋ ਪ੍ਰਸੰਗ ਜਿਸਤ੍ਰਾਂ ਕਿਸੇ ਨੇ ਆ ਦਸੇ, ਆਪ ਜੀ ਨੇ ਓਹ ਬਿਨਾ ਕਿਸੇ ਖੋਜਦੇ ਦਲੀਲ ਦੀ ਕਸਵੱਟੀ ਉਤੇ ਪਰਖੇ ਬਿਨਾ ਹੀ ਜਿਉਂ ਦੇ ਤਿਉਂ ਲਿਖ ਦਿਤੇ। ਜੋ ਇਕ ਸੁਯੋਗ ਇਤਹਾਸਗਜ ਲਈ ਉਚਿਤ ਨਹੀਂ ਕੌਮ ਲਈ ਤਾਂ ਅਜੇਹੇ ਵਾਕਯਾਤ ਢੇਰ ਨੁਕਸਾਨ ਦੇਹ ਹੁੰਦੇ ਹੀ ਹਨ ਨਾਲ ਹੀ ਇਤਹਾਸ ਦੀ ਸਚਾਈ ਵਿਚ ਦੀ ਬਾਧਿਕ ਹੋਏ ਬਿਨਾ ਨਹੀਂ ਰਹਿੰਦੇ ਫਿਰਵੀ ਜੋ ਕੁਝ ਆਪਨੇ ਕੀਤਾ ਏ ਓਹ ਕਾਫੀ ਏ। ਇਸ ਲਈ ਆਪ ਵਧਾਈ ਦੇ ਪਾਤ੍ਰ ਹਨ॥

## ਜਨਮ ਕਾਲ ਅਤੇ ਜਾਤੀ

ਆਪਦਾ ਜਨਮ ਪਿੰਡ ਨੰਗਲ ਪ੍ਰਗਨਾ ਪਖੋਵਾਲ ਜ਼ਿਲਾ ਲੁਦਿਹਾਨਾ ਵਿਖੇ ਹੋਯਾ। ਆਪ ਜਾਤੀ ਦੇ ਨਾਮਾਬੰਸੀ ਅਰਥਾਤ

Sri Satguru Jagjit Singh Ji Elibrary NamdhariElibrary@gmail.com

ਛੀਂਬੇ ਸਿੰਘ ਹਨ। ਆਪ ਜੀ ਨੇ ਆਪਣਾ ਪੂਰਾ ਆਪਣੀ ਆਪਣੀ ਰਚਨਾ ਵਿਚ ਗੁੰਦ ਦਿਤਾ ਏ:—

ਨੰਗਲ ਵੱਡਾ ਪਖੋਵਾਲ ਪਾਸ ਮੇਰਾ,
ਭੈਣੀ ਸਾਹਿਬੋਂ ਸੋਲ੍ਹਾਂ ਕੋਹ ਧਾਮ ਹੈ ਜੀ !
ਸੁੰਦਰ ਸਿੰਘ ਤੇ ਸਿੰਘ ਮਤਾਬ ਭ੍ਰਾਈ,
ਨਾਮਾ ਬੰਸੀਆਂ ਦਾ ਸਾਡਾ ਜਾਮ ਹੈ ਜੀ !
ਸਾਲ ਉਨੀ ਸੌ ਵਿਚ ਬਤਾਲੀਏ ਦੇ,
ਅਸਾਂ ਪੁਛਿਆ ਗੁਰੂ ਦਾ ਨਾਮ ਹੈ ਜੀ !
ਸਤਿਗੁਰੂ ਬਗੈਰ ਅੰਧੇਰ ਸਾਰੇ,
ਓਹਦੀ ਬੰਦਗੀ ਵਿੱਚ ਅਰਾਮ ਹੈ ਜੀ !

ਕਵੀ ਦੀ ਦ੍ਰਿਸ਼ਟੀ ਸਰਵ ਵਿਆਪਨੀ ਹੁੰਦੀਏ, ਜਿਥੇ ਪਵਨ ਦੀ ਵੀ ਗਵਨ ਨਹੀਂ, ਕਵੀ ਓਥੇ ਵੀ ਸੁਤੰਤ੍ਰਤਾ ਪੂਰਵਕ ਵਿਚਰਦਾ ਏ, 'ਜਿਥੇ ਨ ਜਾਇ ਰਵੀ, ਓਥੇ ਜਾਇ ਕਵੀ' ਕਵੀ ਦਾ ਸੰਸਾਰ ਵਿਰੰਚ ਦੇ ਪ੍ਰਪੰਚ ਤੋਂ ਭਿੰਨ ਹੁੰਦਾ ਏ। ਮੰਨਿਆ ਕਿ ਕਵੀ ਕੇਹਾ ਪ੍ਰਤਿਭਾ ਸ਼ਾਲੀ ਕਿਉਂ ਨ ਹੋਵੇ, ਪਰ ਓਹ ਬਿਨਾ ਕਿਸੇ ਅਧਾਰ ਜਾਂ ਛਾਯਾ ਦੇ ਨੂਤਨ ਰਚਨਾ ਨਹੀਂ ਕਰ ਸਕਦਾ, ਪਰ ਜੋ ਵਾਸਤਵਿਕ ਕਵੀ ਹੁੰਦਾਏ ਓਹ ਦੂਸਰੇ ਦੇ ਅਧਾਰ ਨੂੰ ਅਜੇਹਾ ਨਵੀਨ ਅਤੇ ਅਪੂਰਵ ਰੂਪ ਦੇਂਦਾ ਏ ਕਿ ਉਸ ਵਿਚ ਆਸਾਧਾਰਨ ਚਮਤਕਾਰ ਚਮਕਨ ਲਗ ਜਾਂਦਾ ਏ ਅਤੇ ਅਰਥ ਅਪਹਰਨ ਦੇ ਦੋਸ਼ ਤੋਂ ਵੀ ਬਚ ਜਾਂਦਾ ਏ। ਏਹ ਆਸਾਧਾਰਨ ਚਮਤਕਾਰ ਉਨ੍ਹਾਂ ਨਾਮ ਧਰੀਕ ਕਵੀਆਂ ਦੀ ਕਵਿਤਾ ਵਿਚ ਨਹੀਂ ਮਿਲਦਾ ਜੋ ਕੇਵਲ ਕ੍ਰਿਤਮਤਾ

Sri Satguru Jagjit Singh Ji Elibrary NamdhariElibrary@gmail.com

ਦੇ ਫੇਰ ਵਿਚ ਹੀ ਪਏ ਰਹਿੰਦੇ ਹਨ । ਸੁਕਵੀ ਹਰ ਸਮੇਂ ਆਪਨੇ ਇਸ਼ਟ ਵਿਸ਼ੇ ਵਿਚ ਤੱਲੀਨ ਰਹਿੰਦਾ ਏ । ਉਸਦਾ ਜੀਵਨ ਹੀ ਕਵਿਤਾ ਮਈ ਹੁੰਦਾ ਏ । ਉਹ ਨਿਸ ਸੁਾਰਥ ਹੁੰਦਾ ਏ । ਜੋ ਕਵੀ ਕਿਸੇ ਲੋਭ ਲਾਲਚ ਵਸ ਕਵਿਤਾ ਲਿਖਦਾਏ ਉਸਦੀ ਕਵਿਤਾ, ਕਵਿਤਾ ਨਹੀਂ ਮੁਲ ਖ੍ਰੀਦੀ ਦਾਸ਼ੀਏ । ਸੱਚੀ ਸੁਭਾਵਕ ਕਵਿਤਾ ਦਾ ਮੁਲ ਕੌਣ ਦੇ ਸਕਦਾ ਏ । ਅਜੇਹੀ ਕਵਿਤਾ ਦੇ ਪਹਿਲੇ ਪੰਨੇ ਉਤੇ ਕਿਸੇ ਰਾਜਾ ਮਹਾਰਾਜਾ ਦੇ ਨਾਮਦਾ ਸਮਰਪਨ ਪੱਤ੍ਰ ਨਹੀਂ ਮਿਲੇਗਾ । ਕਵੀ ਨੂੰ ਕੀ ਪ੍ਰਵਾਹ ਓਹ ਅਪਨੀ ਕਵਿਤਾ ਮਾਇਆ ਧਾਰੀ ਅੰਨਿਆਂ ਅਗੇ ਰੋਂਦਾ ਫਿਰੇ, ਏਹ ਅਸੰਭਵ । ਫੁਲ ਵਿਚ ਪ੍ਰਾਗ ਚਾਹੀਏ ਰਸਿਕ ਭੁਵਰ ਉਸ ਉਤੇ ਆਪ ਹੀ ਮੁਗਧ ਹੋ ਗੁਨ ਗੁਨਾਇਗਾ ॥

ਮਨਮੌਜੀ ਸੁਤੰਤ੍ਰ ਕਵੀ ਲਖਾਂ ਵਿਚੋਂ ਵਿਰਲਾ ਹੀ ਲਭੇਗਾ, ਜਿਥੇ ਕਿਥੇ ਖੁਸ਼ਾਮਦੀ ਹੀ ਨਜ਼ਰ ਔਣਗੇ । ਇਨ ਕਵਿਤਾ ਕਲੰਕੀਆਂ ਬਾਬਤ ਅਧਕ ਕੀ ਲਿਖਨਾਏ, ਹਾਂ ਇਕ ਦੋ ਉਦਾਹਰਨ ਉਨ੍ਹਾਂ ਸਤਿ ਕਵੀਆਂ ਦੇ ਉਚਾਰਨ ਦੇ ਜਰੂਰ ਦਿਆਂਗੇ ਜਿਨ੍ਹਾਂ ਨੇ ਸਤਿ ਨੂੰ ਹਥੋਂ ਨਹੀਂ ਛਡਿਆ ਅਤੇ ਵਕਤ ਦੇ ਜਰਵਾਨੇ ਬਾਦਸ਼ਾਹ ਸੌਹੇ ਵੀ ਸੱਚ ਬੋਲਨੋ ਨਹੀਂ ਝਿਜਕੇ ॥

ਇਕ ਵਾਰੀ ਦੀ ਗਲ ਏ ਕਿ ਔਰੰਗਜ਼ੇਬ ਨੇ ਕਵੀ ਭੂਸ਼ਣ ਜੀ ਨੂੰ ਆਪਣੀ ਗੁਨਾਵਲੀ ਸੁਨਾਣ ਲਈ ਕਿਹਾ । ਭੂਸ਼ਣ ਲਾਲਚੀ ਤੇ ਹੈਗੇ ਹੀ ਨਹੀਂ ਸਨ । ਉਨਾਂ ਦੀ ਨਸ ਨਸ ਵਿਚ ਦੇਸ਼ ਭਗਤੀ ਅਤੇ ਧਰਮ ਵੀਰਤਾ ਦਾ ਰਕਤ ਬਹ ਰਿਹਾ ਸੀ । ਔਰੰਗਜ਼ੇਬ ਦੇ ਅਤਿਆਚਾਰ ਭੀ ਦੇਖੇ ਸੁਨੇ ਹੋਏ ਸਨ । ਅਜ ਅਛਾ ਮੌਕਾ

Sri Satguru Jagjit Singh Ji Elibrary NamdhariElibrary@gmail.com

ਮਿਲਯਾ। ਫੜਕ ਉਠੇ ਅਤੇ ਲਗੇ ਬਾਦਸ਼ਾਹ ਆਲਿਮਗੀਰ ਦਾ ਯਸ ਗਾਨ:—

ਹਾਥ ਤਸਬੀਹ ਲੀਏ ਪ੍ਰਾਤ ਉਠੇ ਬੰਦਗੀ ਕੋ,
ਆਪ ਹੀ ਕਪਟ ਰੂਪ ਕਪਟ ਸੁ ਜਪਕੇ।
ਆਗਰੇ ਮੇਂ ਜਾਇ 'ਦਾਰਾ' ਚੌਕ ਮੇਂ ਚੁਨਾਇ ਦੀਨੋ,
ਛਤ੍ਰ ਹੂ ਛਿਨਾਯੋ ਮਾਨੋ ਮਰੇ ਬੂੜ੍ਹ ਬਪਕੇ।
ਕੀਨੋ ਹੈ ਸਗੋਤ ਘਾਤ ਸੋ ਮੈਂ ਨਾਹਿ ਕਹੋ ਫੇਰਿ,
ਪੀਲ ਪੈ ਤੋਰਾਯੋ ਚਾਰ ਚੁਗਲ ਕੇ ਗਪਕੇ।
'ਭੂਸ਼ਣ' ਭਨਤ ਫਰਫੰਦੀ ਮਤਿ ਮੰਦੀ ਮਹਾਂ,
ਸੌ ਸੌ ਚੂਹੇ ਖਾਇਕੇ ਬਿਲਾਰੀ ਬੈਠੀ ਤਪਕੇ।

ਐਹਾ ਗੁਨ ਗਾਨ ਹੋਯਾ, ਬਾਦਸ਼ਾਹ ਮਾਰੇ ਗੁਸੇ ਦੇ ਆਪੇ ਤੋਂ ਬਾਹਰ ਹੋ ਗਏ ਭੂਸ਼ਨ ਉਤੇ ਖੂਬ ਡਾਂਟ ਪਾਈ ਪਰ ਸੱਚਾ ਓਜਸ੍ਵੀ ਕਵੀ ਧਮਕੀਆਂ ਤੇ ਕਦ ਡਰਦਾ ਏ ਉਸਨ ਲਾਲਚ ਕੇਹੜੀ ਗਲਦਾ ਸੀ ? ਜਨਾਬ ਦੀ ਸੱਚੀ ਪੋਲ ਖੋਲ ਬਿਨਾ ਸਲਾਮ ਕੀਤੇ ਹੀ ਤੁਰਦੇ ਹੋਏ॥

ਇਹ ਹੈਨ ਸੱਚੇ ਕਵੀਆਂ ਦੀਆਂ ਮਨ ਮੌਜਾਂ ਤੇ ਸ੍ਵੈ ਅਭਿਮਾਨ ਇਸੀ ਤਰ੍ਹਾਂ ਕਵੀ ਗੰਗ ਨੂੰ ਇਕ ਵਾਰੀ ਔਰੰਗਜ਼ੇਬ ਨੇ ਇਕ ਦਿਨ ਏਨਾ ਦੀ ਕਵਿਤਾ ਸੁਨ ਪ੍ਰਸੰਨ ਹੋ ਇਕ ਹਥਨੀ ਅਨਾਮ ਵਿਚ ਬਖਸ਼ੀ ਹੈਥਨੀ ਬੁਢੀ ਸੀ ਗੰਗ ਮੋੜ ਤਾਂ ਸਕੇ ਨ, ਪਰ ਮਜ਼ਾਕ ਨਾਲ ਬਾਦਸ਼ਾਹ ਨੂੰ ਕਹਿਨ ਲਗੇ॥

Sri Satguru Jagjit Singh Ji Elibrary NamdhariElibrary@gmail.com

ਤਿਮੂਰ ਲੰਗ ਲਈ ਮੋਲ ਚਲੀ ਬੱਬਰ ਦੇ ਹਲਕੇ।
ਰਹੀ ਹੁਮਾਯੂੰ ਸਾਥ ਗਈ ਅਕਬਰ ਨੇ ਦਲਕੇ।
ਜਹਾਂਗੀਰ ਜਸ ਲੀਯੋ ਪੀਠ ਕੋ ਭਾਰ ਛੁੜਾਯੋ।
ਸ਼ਾਹਜਹਾਂ ਕਰ ਨਿਆਇ ਤਾਹਕੇ ਮਾਂਝ ਚਟਾਯੋ।
ਬਲ ਰਹਿਤ ਭਈ ਪੌਰਸ਼ ਥਕਯੋ ਭਗੀ ਫਿਰਤ ਬਨ ਸਯਾਰ ਡਰ।
ਔਰੰਗਜ਼ੇਬ ਕੌਰਨੀ ਸੌਦੀ ਲੈ ਦੀਨੀ ਕਵੀ ਗੀਰ ਸਿਰ।

ਵਾਹ ਜੀ ਵਾਹ! ਇਕ ਹਥਨੀ ਦਾ ਮੁਗਲ ਖਾਨਦਾਨ ਨਾਲ ਚੰਗਾ ਸਬੰਧ ਜੋੜ ਦਰਸਾਯਾ। ਡਰੇ ਨਹੀਂ ਜੋ ਕੁਛ ਮੂੰਹ ਵਿਚ ਆਯ ਕਹਿ ਸੁਨਾਯਾ। ਕਿਸੇ ਦੁਨਆਵੀ ਤਾਕਤ ਤੋਂ ਨਹੀਂ ਡਰੇ ਨਾਹ ਝਿਜਕੇ॥

ਸ੍ਰੀਮਾਨ ਬਾਬਾ ਕਾਲਾ ਸਿੰਘ ਜੀ ਦੀ ਕਵਿਤਾ ਵਿਚ ਉਪਰੋਕਤ ਗੁਨ ਹਰ ਇਕ ਬੈਂਤ ਵਿੱਚ ਲਭਦਾਏ। ਅਜ ਜਿਸ ਕਵਿਤਾ ਦਾ ਅਸੀਂ ਜ਼ਿਕਰ ਕਰਨ ਲਗੇ ਹਾਂ, ਉਹ ਆਪ ਜੀ ਦੀ ਸ੍ਰਬ ਪ੍ਰਿਥਮ ਅਤੇ ਸਰਬ ਉਤਕ੍ਰਿਸ਼ਟ ਰਚਨਾ ਏ। ਕਵੀ ਨੇ ਇਸਦੀ ਰਚਨਾ ਸੰਨ ੧੯੨੮ ਬਿਕ੍ਰਮੀ ਵਾਲੀ ਮਲੇਰ ਕੋਟਲੇ ਦੀ ਸ਼ਹੀਦੀ ਘਟਨਾ ਦੇ ਅਧਾਰ ਤੇ ਬੈਂਤਾਂ ਵਿਚ ਕੀਤੀਏ। ਬੋਲੀ ਠੇਠ ਪੰਜਾਬੀ ਵਰਤੀਏ, ਪੈਂਤੀ ਅਖਰਾਂ ਦੇ ਕ੍ਰਮ ਨਾਲ ਸਾਰੇ ਪ੍ਰਸੰਗ ਨੂੰ ਪੂਰਾ ਕੀਤਾ ਏ। ਰਸ ਸਾਦਾਏ ਤੇ ਹੈ ਭਰਵਾਂ। ਅਸਰ ਕੀਤੇ ਬਿਨਾ ਨਹੀਂ ਰਹਿੰਦਾ। ਨਿਰਭੈਤਾ, ਤੇ ਸਚਾਈ ਹਰਿ ਤੁਕ ਵਿਚ ਕਟ ਕਟ ਕੇ ਭਰੀਏ। ਆਪਨੇ ਇਸਦੀ ਰਚਨਾ ਉਸ ਜ਼ਮਾਨੇ ਵਿਚ ਕੀਤੀਏ ਜਿਦੋਂ ਗੌਰਮਿੰਟ ਦਾ ਰਾਜ ਚੰਗੀ ਤਰ੍ਹਾਂ ਪੰਜਾਬ ਤੇ ਕਾਇਮ ਹੋ ਗਿਆ ਸੀ। ਅੰਗ੍ਰੇਜ਼ ਮਨ

Sri Satguru Jagjit Singh Ji Elibrary NamdhariElibrary@gmail.com

ਭਾਂਦਾ ਅਤਿਆਚਾਰ ਕਰਦੇ ਸਨ । ਕੋਈ ਚੂੰ-ਚਰਾਂ ਨਹੀਂ ਸੀ ਕਰਦਾ । ਸਿਖ ਰਈਸਾਂ ਦੇ ਮੂੰਹੋਂ 'ਜੀ ਹਜ਼ੂਰ' ਤੋਂ ਬਿਨਾ ਦੂਜੀ ਗਲ ਨਹੀਂ ਸੀ ਨਿਕਲਦੀ । ਮਲੇਰ ਕੋਟਲੇ ਵਿਚ ੬੬ ਸਿੰਘ ਬਿਨਾ ਕਿਸੇ ਛਾਣ ਬੀਣ ਦੇ, ਮੁਕੱਦਮਾ ਚਲਾਏ ਤੋਂ ਬਿਨਾ ਹੀ ਸ਼ਹੀਦ ਕੀਤੇ ਜਾਂਦੇ ਹਨ । ਨਿਰਦੋਸ਼ ਤੋਪਾਂ ਅਗੇ ਉਡਾਇ ਜਾਂਦੇ ਅਤੇ ਫਾਂਸੀ ਤੇ ਲਟਕਾਇ ਜਾਂਦੇ ਹਨ । ਕਿਸੇ ਸਿਖ ਸਰਦਾਰ ਨੇ ਉਜਰ ਤੇ ਅਗੋਂ ਕੀ ਕਰਨਾ ਸੀ ਸਗੋਂ ਸ਼ਹੀਦ ਕਰਨ ਲਈ ਤੋਪਾਂ ਅਤੇ ਫੌਜ ਮਹਾਰਾਜਾ ਪਟਿਆਲਾ ਘਲਦਾ ਏ । ਦੇਸ਼ ਦੇ ਆਗੂ ਆਪਣੀਆਂ ਰੰਗ ਰਲੀਆਂ ਵਿਚ ਮਸਤ ਸਨ ਅਖਬਾਰਾਂ ਵਾਲੇ ਚੁਪ ਸਨ । ਜਿਵੇਂ ਕਿਤੇ ਕੋਈ ਗਲ ਹੋਈ ਹੀ ਨਹੀਂ ਹਾਂ ਜੇ ਕਿਸੇ ਨੇ ਹਾਹ ਦਾ ਨਾਹਰਾ ਮਾਰਿਆ ਓਹ ਕਲਕੱਤੇ ਦਾ ਇਕਲੋਤਾ ਅੰਮ੍ਰਿਤ ਬਾਜ਼ਾਰ ਪਤ੍ਰਕਾ ਹੀ ਸੀ । ਜਿਸਦੇ ਸਯੋਗ ਲਿਖਕ ਪ੍ਰਸਿਧ ਦੇਸ਼ ਭਗਤ ਬਾਬੂ ਮੋਤੀਲਾਲ ਜੀ ਘੋਸ਼ ਸਨ । ਅਜੇਹੇ ਸਮੇਂ ਵਿਚ ਕਿਸੇ ਸਚੀ ਗਲ ਨੂੰ ਲਿਖਨਾ ਇਹ ਬਾਬਾ ਕਾਲਾ ਸਿੰਘ ਜੀ ਦਾ ਹੀ ਹੌਸਲਾ ਸੀ । ਜਦ ਕਿ ਕਦਮ ਕਦਮ ਉਤੇ ਜਾਨ ਦੇ ਧ੍ਰੋਖੇ ਸਨ ॥

ਦੇਰ ਚਿਰ ਹੋਯਾ, ਸਾਡੀ ਸੁਰਤ ਤੋਂ ਪਹਿਲਾਂ ਹੀ ਬਾਬਾ ਜੀ ਨੇ ਉਪ੍ਰੋਕਤ ਕਵਿਤਾ ( ਪੈਂਤੀ ਅਖਰੀ ) ਪ੍ਰਕਾਸ਼ਤ ਕਰਵਾਈ ਸੀ ਉਸ ਵੇਲੇ ਇਸਦਾ ਚੰਗਾ ਅਸਰ ਹੋਯਾ । ਮੈਨੂੰ ਉਸ ਕਾਪੀ ਦੇ ਦਰਸ਼ਨ ਨਹੀਂ ਹੋਏ ਹਾਂ ਕਈ ਬਡੇ ਬਜ਼ੁਰਗ ਮਾਮਾ ਸੁਜਾਨ ਸਿੰਘ ਜੀ ਅਤੇ ਸੰਤ ਮਸਤਾਨ ਸਿੰਘ ਜੀ ਚਾਂਦਸਰ ਵਾਲਿਆਂ ਤੋਂ ਏਹ ਸਬਦ ਸੁਣੇ

ਰੰਗ ਵਿਚ ਪੜ੍ਹਦਿਆਂ ( ਗੌਂਦਿਆਂ ) ਸੁਨਣ ਦਾ ਅਵਕਾਸ਼ ਪ੍ਰਾਪਤ ਹੋਯਾ। ਆਪ ਪੜ੍ਹਦੇ ਵੈਰਾਗੀ ਹੋਜਾਯਾ ਕਰਦੇ ਸਨ।

ਓਹ ਪੈਂਤੀਸ ਅਖਰੀ ਦਾ ਪਹਿਲਾ ਬੈਂਤ ਹੈ ਜੋ ਏਹ ਸੀ:—

ਸਤਿਗੁਰੂ ਸਚੇ ਅਗੇ ਅਰਜ਼ ਮੇਰੀ,
ਸੁਨਨਹਾਰ ਕਰਤਾਰ ਗੋਵਿੰਦ ਹੈ ਤੂੰ !
ਤੂਹੀ ਮਾਨਸਾਂ ਤੋ ਗੁਰੂ ਦੇਵ ਕੀਤੇ,
ਸੰਤ ਖਾਲਸਾ ਪੰਥ ਰਹਿੰਦ ਹੈ ਤੂੰ !
ਤੂਹੀ ਕੋਟਲੇ ਦੇ ਵਿਚ ਖੇਲ ਕੀਤਾ,
ਕਰਨਹਾਰ ਅਪਾਰ ਗੁਵਿੰਦ ਹੈ ਤੂੰ !
ਅਰਜ ਖਾਲਸੇ ਦੀ ਗੁਰੂ ਰਾਮ ਸਿੰਘਾਂ,
ਸ਼ਰਨ ਪਿਆਂ ਦੀ ਲਾਜ ਰਖਿੰਦ ਹੈ ਤੂੰ !

ਆਪ ਇਸਨੂੰ ਕੀਰਤਨ ਅਰੰਭ ਕਰਨ ਤੋਂ ਪਹਿਲਾਂ ਮੰਗਲ ਕਰਨ ਲਈ ਗਾਯਾ ਕਰਦੇ ਹਨ । ਜਿਸਦੀ ਮਿਠੀ ਭਰਵੀਂ ਤੇ ਵੈਰਾਗ ਮਈ ਏਹ ਲੈ ਸੀ:—

ਸ਼ਰਨ ਪਿਆਂ ਦੀ, ਸ਼ਰਨ ਪਿਆਂ ਦੀ ਲਾਜ ਰਖਿੰਦ ਹੈ ਤੂੰ ਸੁਣਨ ਵਾਲਿਆਂ ਤੇ ਇਸਦਾ ਜੋ ਅਸਰ ਹੁੰਦਾ ਓਹ ਅਕੱਥ ਹੈ। ਉਸਨੂੰ ਓਹੀ ਸਜਨ ਅਨੁਭਵ ਕਰ ਸਕਦੇ ਹਨ ਜਿਨਾਂ ਨੇ ਸੰਤ ਮਸਤਾਨ ਸਿੰਘ ਜੀ ਦਾ ਕੀਰਤਨ ਸੁਣਿਆ ਹੈ॥

ਭਾਰੀ ਖੁਸ਼ੀ ਦੀ ਗਲ ਏ ਕਿ ਸ੍ਰੀ ਸਤਿਗੁਰੂ ਪ੍ਰਤਾਪਸਿੰਘ

Sri Satguru Jagjit Singh Ji Elibrary NamdhariElibrary@gmail.com

ਜੀ ਨੇ ਆਪਣੇ ਨਿਜੀ ਪੁਸਤਕਾਲਯ ਵਿਚੋਂ ਇਕ ਹਸਤ ਲਿਖਤ ਕਾਪੀ ਦਾਸ ਨੂੰ ਪੜਨ ਲਈ ਪ੍ਰਦਾਨ ਕੀਤੀ, ਅਤੇ ਨਾਲ ਹੀ ਇਹ ਸਤ੍ਰਾਂ ਲਿਖਨ ਦੀ ਆਗਯਾ ਕੀਤੀ ।

ਮੈਂ ਜਿਥੋਂ ਤੀਕ ਇਸ ਪੁਸਤਕ ਨੂੰ ਪੜ੍ਹਿਆ ਏ ਮੈਨੂੰ ਤੇ ਇਸਦੇ ਭਰ ਇਕ ਬੈਂਤ ਵਿਚੋਂ ਦਲੇਰੀ ਤੇ ਸਚਾਈ ਟਪਕਦੀ ਪਈ ਦਿਸਦੀਏ, ਕਈ ਬੈਂਤ ਤੇ ਅਜੇਹੇ ਹਨ ਜਿਨਾ ਨੂੰ ਪੜ੍ਹਦਿਆਂ ਹੀ ਰਹਿਨ ਲਈ ਜੀ ਕਰਦਾ ਏ। ਆਪ ਲਿਖਦੇ ਹਨ ॥

ਖੱਖਾ ਖਾਲਸੇ ਬੈਠ ਸਲਾਹ ਕੀਤੀ,
ਲਿਖਨ ਚਿਠੀਆਂ ਨਾਲ ਵਧਾਈਆਂ ਦੇ ।
ਅਸੀਂ ਧਰਮ ਉਤੇ ਤੇਗ ਚਕਨੀ ਹੈ,
ਧਰਮ ਰਖਦੇ ਨੇ ਪੁਤ੍ਰ ਮਾਈਆਂ ਦੇ ।
ਹਿੰਦੂ ਕੋਈ ਨ ਏਸ ਵਿਚ ਦਖਲ ਦੇਵੇ,
ਅਸੀਂ ਕਟਣੇ ਮੂੰਡ ਕਸਾਈਆਂ ਦੇ ।
ਜਿੱਥੇ ਸਿੰਘ ਸ੍ਰਦਾਰ ਜਗੀਰ ਵਾਲੇ,
ਓਥੇ ਚਿਠੀਆਂ ਲਿਖ ਪੁਚਾਈਆਂ ਦੇ ।

ਵਾਹ ਜੀ ਵਾਹ ! 'ਧਰਮ ਰਖਦੇ ਨੇ ਪੁਤ੍ਰ ਮਾਈਆਂ ਦੇ' ਏਹ ਚੀਨੀ ਵਾਲੇ ਸਤਿਗੁਰੂ ਦੇ ਹੀ ਹੌਸਲੇ ਸਨ ਕਿ ਧਰਮ ਪਿਛੇ ਸ਼ਹੀਦ ਹੋਨ ਲਈ ਵਧਾਈ ਭਰੀਆਂ ਚਿਠੀਆਂ ਲਿਖੀਆਂ ਤਦੇ ਤੇ ਗਯਾਨੀ ਗਯਾਨ ਸਿੰਘ ਜੀ ਏਨ੍ਹਾਂ ਦੇ ਹੌਸਲੇ ਦੀ ਸਲਾਘਾ ਕਰਦੇ ਨਹੀਂ ਰਜਦੇ:—

Sri Satguru Jagjit Singh Ji Elibrary NamdhariElibrary@gmail.com

ਕੂਕੇ ਸਿੰਘ ਸਾਠਕੇ ਨੈ ਠਾਨਕੈ ਮਰਨ ਨਿਜ,
ਮਾਰਕੈ ਕਸਾਈਆਂ ਨੂੰ ਗਾਈਆਂ ਬਚਾਈਆਂ ।
ਕੋਟਲੇ ਕੀ ਤੁਰਕਾਨੀ ਤੇ ਪਠਾਨੀ ਫੌਜ ਸਭ,
ਸਿੰਘਨ ਸੈ ਲਰੀ ਇਨੈ ਮਾਰਕੈ ਹਟਾਈਆਂ ।
ਫੌਜ ਪਟਿਆਲੇ ਦੀ ਵਿਸਾਲੇ ਜਾਇ ਦਗੇ ਸੰਗ,
ਕਸਮੈਂ ਦਿਵਾਇ ਲਿਆਇ ਦੀਏ ਪਕਰਾਈਆਂ ।
ਉਡੇ ਸੋਊ ਤੋਪੈਂ ਆਗੇ ਅਨੁਰਾਗੇ ਸਬਦੋਂ ਮੇਂ,
ਖੁਸ਼ੀ ਹੋਇ ਵਡਭਾਗੇ ਧਰਮ ਹਿਤਾਈਆਂ ॥

ਗਲਕੀ ਪੈਂਤੀ ਅਖਰੀ ਦੀ ਇਕ ਇਕ ਪੰਗਤੀ ਏਸ ਢੰਗ ਹੈ ਕਿ ਉਸਨੂੰ ਨਾਮਧਾਰੀ ਪੰਥ ਦਾ ਬੱਚਾ ਬੱਚਾ ਯਾਦ ਕਰੇ ਬਹੁਤੀ ਤਾਰੀਫ ਦੀ ਕੋਈ ਲੋੜ ਨਹੀਂ । ਪੁਸਤਕ ਆਪਦੇ ਸਾਮਨੇ ਹੈ। ਮੇਰੇ ਕਹਿਨ ਦੀ ਕੁਝ ਅਵਸ਼ਕਤਾ ਨਹੀਂ ਕਵਿਤਾ ਆਪਤੋਂ ਆਪ ਰਚਯਿਤ ਦੀ ਪ੍ਰਸ਼ੰਸਾ ਕਰਾ ਲਏਗੀ ॥

ਹੋ ਸਕਿਆ ਤਾਂ ਭਾਈ ਚੰਦਾ ਸਿੰਘ ਜੀ ਤੇ ਭਾਈ ਨਿਹਾਲ ਸਿੰਘ ਜੀ ਦਾ ਬਾਰਾਂਮਾਹ ਵੀ ਸ਼ੀਘ੍ਰ ਹੀ ਇਸੇ ਰੂਪ ਵਿਚ ਪ੍ਰਸਤੁਤ ਕਰਾਂਗਾ ਏਹ ਗਲ ਪਾਠਕਾਂ ਦੀ ਕਿਰਪਾ ਉਤੇ ਹੀ ਨਿਰਭਰ ਹੈ । ਅੰਤ ਬਾਬਾ ਜੀ ਦੀ ਹੀ ਇਕ ਤੁਕ "ਅਰਜ ਖਾਲਸੇਦੀ ਗੁਰੂ ਰਾਮਸਿੰਘਾ ਸ਼ਰਨ ਪਿਆਂ ਦੀ ਲਾਜ ਰਖਿੰਦ ਹੈ ਤੂੰ" ਲਿਖਕੇ ਸਮਾਪਤਕਰਦਾ ਹਾਂ॥

ਭੈਣੀ ਸਾਹਿਬ
ਜਿਲਾ ਲੁਦਿਹਾਨਾ
੨੨ ਵੈਸਾਖ ੧੯੮੫

ਦਾਸ–
ਇੰਦ੍ਰਸਿੰਘ "ਚਕਿਵਾਲੀ"

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

੧ ੴ ਸ੍ਰੀ ਸਤਿਗੁਰ ਰਾਮਸਿੰਘ ਜੀ ਸਹਾਇ ॥

# ਪੈਂਤੀਸ ਅੱਖਰੀ

ਸਤਿਗੁਰੂ ਸਚੇ ਅਗੇ ਅਰਜ਼ ਮੇਰੀ,
ਸੁਣਨ ਹਾਰ ਕਰਤਾਰ ਗੋਵਿੰਦ ਹੈਂ ਤੂੰ।
ਤੂਹੀਂ ਮਾਣਸਾਂ ਤੇ ਗੁਰੂ ਦੇਵ ਕੀਤੇ,
ਸੰਤ ਖਾਲਸਾ ਪੰਥ ਕਰਿੰਦ ਹੈਂ ਤੂੰ।
ਤੂੰਹੀ ਕੋਟਲੇ ਦੇ ਵਿਚ ਖੇਲ ਕੀਤਾ,
ਕਰਨਹਾਰ ਅਪਾਰ ਗੋਵਿੰਦ ਹੈਂ ਤੂੰ।
ਅਰਜ ਖਾਲਸੇ ਦੀ ਗੁਰੂ ਰਾਮਸਿੰਘਾ,
ਸਰਨਪਿਆਂਦੀ ਲਾਜ ਰਖਿੰਦ ਹੈਂ ਤੂੰ।
ਓਅੰਕਾਰ ਤੇ ਵਾਹਿਗੁਰੂ ਨਾਮ ਤੇਰਾ,
ਪਹਿਲੇ ਗੁਰੂ ਨੇ ਜਾਪ ਜਪਾਇਆ ਹੈ।
ਅੰਗਦ ਅਮਰ ਰਾਮਦਾਸ ਤੇ ਆਦਿ ਸੁਣਕੇ,

Sri Satguru Jagjit Singh Ji Elibrary NamdhariElibrary@gmail.com

ਅਰਜਨ ਗੁਰੂ ਗੋਬਿੰਦ ਨੇ ਗਾਇਆ ਹੈ ।
ਹਰਿਰਾਇ ਤੇ ਕ੍ਰਿਸ਼ਨ ਜੋ ਗੁਰੂ ਨੌਮੇ,
ਦਸਮ ਗੁਰੂ ਨੂੰ ਫਰ ਸੁਣਾਇਆ ਹੈ ।
ਗੁਰੂ ਆਪਣਾ ਨਾਮ ਸੁਣਾਇਕੇ ਜੀ,
ਸੰਤ ਖਾਲਸਾ ਪੰਥ ਚਲਾਇਆ ਹੈ ॥ ੨ ॥
ਅਗੇ ਗੁਰੂ ਬਾਬਾ ਬਾਲਕਸਿੰਘ ਸਿਮਰੋ,
ਜਿਹੜਾ ਗਿਯਾਰਮਾ ਗੁਰੂ ਜਰੂਰ ਹੋਇਆ ।
ਗੁਰੂ ਬਾਰਮਾਂ ਹੈ ਰਾਮਸਿੰਘ ਸੋਈ,
ਜੀ ਦੇ ਖਾਲਸਾ ਪੰਥ ਹਜੂਰ ਹੋਇਆ ।
ਹਰੀ ਸਿੰਘ ਬਖਸੇ ਗੁਰੂ ਖਾਲਸੇ ਨੂੰ,
ਜੇੜਾ ਵਿਚ ਦ੍ਰਗਾਹਿ ਮਨਜੂਰ ਹੋਇਆ ।
ਗੁਰੂ ਵਿਚ ਪੰਜਾਬ ਮਕਾਨ ਕੀਤਾ,
ਦੁਖ ਦਰਦ ਜਹਾਨ ਦਾ ਦੂਰ ਹੋਇਆ ॥ ੩ ॥
ਇਕ ਨਗਰ ਭੈਣੀ ਸਾਹਿਬ ਸਤਿਗੁਰਾਂ ਦਾ,

Sri Satguru Jagjit Singh Ji Elibrary NamdhariElibrary@gmail.com

ਜਿਥੇਂ ਖਾਲਸਾ ਪੰਥ ਅਟਲ ਹੋਸੀ ।
ਹਿੰਦੂ ਤੁਰਕ ਤੇ ਖਾਲਸਾ ਪੰਥ ਕੀਤਾ,
ਵਡਾ ਕੌਮ ਮਲੇਛ ਨੂੰ ਸਲ ਹੋਸੀ ।
ਮਦਤ ਗਊਦੀ ਹੈ ਬੈਰੀ ਬੁਚੜਾਂ ਦਾ,
ਸਚੇਖੰਡ ਤੇ ਖਾਲਸਾ ਘਲ ਹੋਸੀ ।
ਤੁਰਕ ਰੜਕ ਦੇ ਨੇਤ੍ਰੀਂ ਮਿਰਚ ਵਾਂਗੂੰ,
ਦਰਦ ਗਊਦਾ ਨਾ ਜਦੋਂ ਝਲ ਹੋਸੀ ॥ ੪ ॥
ਸੱਸਾ ਸਤਿਗੁਰੂ ਸਚੇ ਦਾ ਜਾਪ ਕਰੀਏ,
ਦੁਖ ਦੂਰ ਹੋਵੇ ਜਿਸਦੀ ਦ੍ਰਿਸ਼ਟਿ ਕੀਤੇ ।
ਕਰੋ ਬੰਦਗੀ ਧਰਮ ਦੀ ਤੇਗ ਚੱਕੋ,
ਇਨਾ ਬੁਚੜਾਂ ਲੋਕ ਭਰਿਸ਼ਟ ਕੀਤੇ ।
ਧਰਮ ਹਿੰਦ ਪੰਜਾਬ ਦਾ ਦੂਰ ਕਰਿਆ,
ਤੁਰਕਾਂ ਹਿੰਦੂਆਂ ਦੇ ਧਰਮ ਨਿਸ਼ਟ ਕੀਤੇ ।
ਰਾਮਸਿੰਘ ਸਤਿਗੁਰੂ ਦਾ ਜਾਪ ਕਰੀਏ,

Sri Satguru Jagjit Singh Ji Elibrary NamdhariElibrary@gmail.com

ਬੇੜਾ ਪਾਰ ਹੋਵੇ ਜਿਦੀ ਦ੍ਰਿਸ਼ਟਿ ਕੀਤੇ ॥ ੫ ॥
ਹਾਹਾ ਹਦ ਮਲੇਸ਼ ਨੇ ਤੋੜ ਦਿਤੀ,
ਸੰਤ ਖਾਲਸੇ ਨੂੰ ਵਡੀ ਰੋਸ ਹੋਈ ।
ਲੈਣਾ ਸਿੰਘ ਹੀਰਾ ਸਿੰਘ ਸੂਰਮੇ ਜੋ,
ਵਡੀ ਧਰਮ ਦੀ ਜਿਨਾਂ ਨੂੰ ਹੋਸ਼ ਹੋਈ ।
ਛੁਰੀ ਗਊ ਉਤੇ ਵਗੇ ਖਾਲਸਾ ਜੀ,
ਹਿੰਦੂ ਕਰੇ ਨਾਹੀਂ ਅਫਸੋਸ ਕੋਈ ।
ਭੰਨੋ ਠੀਕਰਾ ਤੁਰਕ ਦੇ ਬਾਰ ਜਾਕੇ,
ਸਾਨੂੰ ਮਰਦਿਆਂ ਨੂੰ ਨਹੀਂ ਦੋਸ ਕੋਈ ॥ ੬ ॥
ਕੱਕਾ ਕੋਟਲੇ ਦਾ ਬੇਈਮਾਨ ਕਾਜੀ,
ਗੁਰਮੁਖਸਿੰਘ ਫਰਬਾਹੀ ਦਾ ਪੇਂਚ ਭਾਰੀ ।
ਬਡੀ ਖੋਰ ਪਠਾਣਾਂ ਦਾ ਚੋਰ ਕਾਜੀ,
ਝੂਠੇ ਆਦਮੀ ਦੀ ਕਰੇ ਬਾਤ ਸਾਰੀ ।
ਗੁਰਮੁਖ ਸਿੰਘ ਨੇ ਆਖਿਆ ਸੁਣੀ ਮੀਆਂ,

ਤੈਨੂੰ ਹੋਊ ਦੁਪਾਹ ਦੀ ਦੇਣਦਾਰੀ।
ਕਾਜੀ ਦੇਤ ਗਾਲ੍ਹਾਂ ਸੰਤ ਖਾਲਸੇ ਨੂੰ,
ਸਿੰਘ ਕੋਟਲੇ ਜਾਣਦੀ ਕਰੀ ਤਿਆਰੀ।
ਪਹਿਲੇ ਮਾਰ ਕਾਜੀ ਮਾਰੋ ਬੁਚੜਾਂ ਨੂੰ,
ਧਰਮ ਹੇਤ ਮਰਨਾ ਮਰੋ ਇਕ ਵਾਰੀ।
ਖੱਖਾ ਖਾਲਸੇ ਬੈਠ ਸਲਾਹਿ ਕੀਤੀ,
ਲਿਖਣ ਚਿਠੀਆਂ ਨਾਲ ਬਧਾਈਆਂ ਦੇ।
ਅਸੀ ਧਰਮ ਉਤੇ ਤੇਗ ਚਕਣੀ ਹੈ,
ਧਰਮ ਰਖਦੇ ਨੇ ਪੁਤ੍ਰ ਮਾਈਆਂ ਦੇ।
ਹਿੰਦੂ ਕੋਈ ਨਾ ਏਸ ਵਿਚ ਦਖਲ ਦੇਵੇ,
ਅਸੀਂ ਕਟਣੇ ਮੂੰਡ ਕਸਾਈਆਂ ਦੇ।
ਜਹਾਂ ਸਿੰਘ ਸਰਦਾਰ ਜਗੀਰ ਵਾਲੇ,
ਤਹਾਂ ਚਿਠੀਆਂ ਲਿਖ ਪੁਚਾਈਆਂ ਨੇ॥੮॥
ਗੱਗਾ ਗੁਰੂ ਸਚੇ ਅਗੇ ਜਾਇਕੇ ਜੀ,

Sri Satguru Jagjit Singh Ji Elibrary NamdhariElibrary@gmail.com

ਸੰਤ ਖਾਲਸੇ ਦੀ ਪਹਿਲੀ ਅਰਜ ਹੋਈ ।
ਹੁਕਮ ਹੋਵੇ ਤਾਂ ਧਰਮ ਦੀ ਫੇਰਾ ਫੜੀਏ,
ਬੁਚੜ ਮਾਰਨੇ ਦੀ ਵਡੀ ਗਰਜ ਹੋਈ ।
ਧਰਮ ਹਿੰਦ ਪੰਜਾਬ ਦਾ ਨਿਸ਼ਟ ਕੀਤਾ,
ਅਸੀ ਸੋਚੀਏ ਬਾਤ ਅਚਰਜ ਹੋਈ ।
ਮਿਹਰਵਾਨਗੀ ਦੇ ਨਾਲ ਹੁਕਮ ਦੇਵੇ,
ਮਹਾਂਰਾਜ ਜੀ ਨਾ ਸਾਨੂੰ ਬਰਜਿਓਈ ॥ ੯ ॥
ਘੱਘਾ ਘੂਰ ਆਖੇ ਗੁਰੂ ਬਾਬਿਆਂ ਨੂੰ,
ਸੰਤ ਖਾਲਿਸੇ ਨੂੰ ਦੇਵੇ ਤੋਰ ਭਾਈ ।
ਜੇੜੇ ਕਰਨ ਸੋਈ ਭਰਨ ਖਾਲਸਾ ਜੀ,
ਤੁਸੀ ਕਰੋ ਨਾ ਕਿਸੇ ਦਾ ਸੋਰ ਭਾਈ ।
ਅਜੇ ਬਖਤ ਨਾਹੀਂ ਸੰਤ ਖਾਲਸੇ ਦਾ,
ਹੈਸੀ ਕੌਮ ਮਲੇਛ ਦਾ ਜੋਰ ਭਾਈ ।
ਸਤਿਗੁਰੂ ਆਖਣ ਸੰਤ ਖਾਲਸੇ ਨੂੰ,

Sri Satguru Jagjit Singh Ji Elibrary NamdhariElibrary@gmail.com

ਕੋਈ ਛੇੜ ਨਾ ਛੇੜਿਓ ਹੋਰ ਭਾਈ ॥ ੧੦॥

ਛੱਛਾ ਛੁਰੂ ਅਗੇ ਸਿੰਘਾਂ ਅਰਜ ਕੀਤੀ,
ਖੁਸ਼ੀ ਹੋਇਕੇ ਹੁਕਮ ਸੁਣਾਇ ਸਾਨੂੰ।
ਗੋਲਾ ਦਾਰੂ ਦਾ ਸਿਟਕੇ ਕੰਨ ਬਾਂਟੀ,
ਦਿੱਤੀ ਅਗ ਅਗੰਮ ਦੀ ਲਾਇ ਸਾਨੂੰ।
ਜਨਮ ਜਨਮ ਦੇ ਵਿਛੜੇ ਮੇਲ ਦਿਤੇ,
ਚਾਰ ਅਖਰ ਦਾ ਸਬਦ ਸੁਣਾਇ ਸਾਨੂੰ।
ਕਾਲਾਸਿੰਘ ਕੀਤੀ ਅਰਜ ਖਾਲਸੇ ਨੇ,
ਖੁਸੀ ਹੋਇਕੇ ਬਖਸ ਰਜਾਇ ਸਾਨੂੰ।
ਚੱਚਾ ਚੁਪ ਹੋਏ ਅਗੋਂ ਸਿੰਘ ਸਾਰੇ,
ਗੁਰੂ ਦੂਸਰਾ ਹੁਕਮ ਸੁਣਾਇ ਦਿੱਤਾ।
ਐਸ ਬਖਤ ਕਬਖਤ ਈ ਛੇੜ ਛੇੜੋਂ,
ਤੁਸੀ ਸਿੰਘ ਜੀ ਕੰਮ ਬਧਾਇ ਦਿੱਤਾ।
ਸਾਰੇ ਖਾਲਸੇ ਉਠਕੇ ਅਰਜ ਕੀਤੀ,

Sri Satguru Jagjit Singh Ji Elibrary NamdhariElibrary@gmail.com

ਤੁਰਕਾਂ ਹਿੰਦੂ ਦਾ ਧਰਮ ਗਵਾਇ ਦਿੱਤਾ।
ਨੌਮੇ ਗੁਰੂ ਨੇ ਸੀਸ ਲਗਾਇ ਦਿਲੀ,
ਧਰਮ ਹਿੰਦੂ ਦਾ ਫੇਰ ਰਖਾਇ ਦਿੱਤਾ।
ਛੱਠਾ ਛੇਤੀਆਂ ਕੀਤੀਆਂ ਖਾਲਸੇ ਨੇ,
ਮਹਾਰਾਜ ਦਾ ਇਕ ਕਰਾਰ ਹੋਯਾ।
ਜੇਹੜਾ ਹੁਕਮ ਅਕਾਲ ਦਾ ਕਰੇ ਸੋਈ,
ਬਚਨ ਸਤਿਗੁਰਾਂ ਦਾ ਤੀਜੀ ਵਾਰ ਹੋਯਾ।
ਦਸਮੇਂ ਪਾਤਸਾਹ ਨੇ ਜੇੜਾ ਲਿਖਿਆ ਸੀ,
ਬਚਨ ਅੱਸੀਆਂ ਸਿੰਘਾਂ ਦਾ ਪਾਰ ਹੋਯਾ।
ਮਹਾਰਾਜ ਦੇ ਹਥ ਹੈ ਡੋਰ ਸਾਡੀ,
ਸੰਤ ਖਾਲਸਾ ਸਭ ਤਿਆਰ ਹੋਯਾ ॥ ੧੩ ॥
ਜੱਜਾ ਜਿਗਰ ਕਰਕੇ ਹੀਰਾ ਸਿੰਘ ਆਖੇ,
ਮਹਾਰਾਜ ਜੀ ਧਰਮ ਦਾ ਹੱਕ ਹੋਵੇ।
ਕਦੋਂ ਗੁਰੂ ਜੀ ਧਰਮ ਦੀ ਕਾਰ ਚਲੇ,

Sri Satguru Jagjit Singh Ji Elibrary NamdhariElibrary@gmail.com

ਕਦੋਂ ਗਊ ਉੱਤੋਂ ਛੁਰੀ ਚਕ ਹੋਵੇ ।
ਮਰੇ ਬਾਝ ਨ ਧਰਮ ਦੀ ਕਾਰ ਚਲੇ,
ਭਲਾ ਗਊਦਾ ਮੂਲ ਨਾ ਕੱਖ ਹੋਵੇ।
ਮਿਲੇ ਸਰਬ ਮਲੇਸ਼ ਨ ਰਹੇ ਕੋਈ,
ਤਾਂਹੀ ਧਰਮ ਦੀ ਚਾਲ ਪਰੱਖ ਹੋਵੇ॥ ੧੪॥
ਝੱਂਗਾ ਝੁੰਡ ਸੀ ਸਿੰਘਾਂ ਦਾ ਬਹੁਤ ਭਾਰਾ,
ਦਸਬੀਸ ਹਜਾਰ ਜੋ ਦਾਨਿਆਂ ਦਾ ।
ਪੂਰ ਸੱਤ ਬੀਹਾਂ ਸਿੰਘ ਅੱਡ ਹੋਇਆ,
ਜੋੜਾ ਪੰਥ ਸੀ ਵਿਚ ਦਿਵਾਨਿਆਂ ਦਾ ।
ਰੀਠੇ ਘੋਟਕੇ ਦੇਗ ਤਿਆਰ ਕੀਤੀ,
ਹੋਕਾ ਹੋਇਆ ਸੀ ਫੇਰ ਮਸਤਾਨਿਆਂ ਦਾ।
ਚੜ੍ਹੇ ਧਰਮ ਸ਼ਹੀਦ ਜਹਾਦ ਉਤੇ,
ਨਹੀਂ ਕੰਮ ਇਹ ਕੁਝ ਬਹਾਨਿਆਂ ਦਾ ॥
ਖੰਡਾ ਢਾਇਕੇ ਤੇ ਸਚੇ ਗੁਰੂ ਕੋਲੇ,

Sri Satguru Jagjit Singh Ji Elibrary NamdhariElibrary@gmail.com

ਹਥ ਜੋੜ ਸਾਰੇ ਖੁਸੀ ਮੰਗਦੇ ਜੀ ।
ਹੁਕਮ ਹੋਵੇ ਤਾਂ ਧਰਮ ਦੀ ਤੇਗ ਫੜੀਏ,
ਸਿੰਘ ਮਰਨਤੇ ਮੂਲ ਨ ਸੰਗਦੇ ਜੀ ॥
ਸਤਿਸ੍ਰੀ ਅਕਾਲ ਬੁਲਾਉਣ ਸਾਰੇ,
ਕਮਰ ਕਸੇ ਲਗਾਇਕੇ ਜੰਗਦੇ ਜੀ ।
ਭੈਣੀ ਸਾਹਿਬ ਤੇ ਖਾਲਸਾ ਕੂਚ ਹੋਇਆ,
ਮਾਂਗਾ ਛੁਟਿਆ ਕਟਕ ਪਤੰਗ ਦੇ ਜੀ ॥ ੧੯ ॥
ਟੈਂਕਾ ਟੁਰੇ ਸਾਰੇ ਡੇਰਾ ਕੂਚ ਕੀਤਾ
ਰਬੋਂ ਜਾਇ ਪਹੁੰਚੇ ਨਹੀਂ ਡੇਰ ਕੀਤੀ ।
ਖੁਸ਼ੀ ਨਾਲ ਸਿੰਘਾਂ ਨੇ ਪ੍ਰਸਾਦ ਕੀਤਾ,
ਘੋਟ ਰੀਠੜੇ ਦੇਗ ਬਣਾਇ ਪੀਤੀ ।
ਕਮਰਕਸੇ ਲਾਏ ਸਿੰਘਾਂ ਕੋਟਲੇ ਨੂੰ,
ਹਥ ਜੋੜ ਕੇਤੇ ਅਰਦਾਸ ਕੀਤੀ ।
ਸੱਚੇ ਪਾਤਸਾਹ ਗਊਦਾ ਭਲਾ ਹੋਵੇ,

Sri Satguru Jagjit Singh Ji Elibrary NamdhariElibrary@gmail.com

ਅੱਗੇ ਸੁਣੋਂ ਜੋ ਖਾਲਸੇ ਨਾਲ ਬੀਤੀ ॥੧੭॥
ਠੱਠਾ ਠੌਰ ਤੱਕੀ ਸਿੰਘਾਂ ਕੋਟਲੇ ਦੀ,
ਰਾਹਿ ਨਜ਼ਰ ਮਲੌਂਦ ਦੀ ਗਹਿਰ ਆਈ।
ਮਾਈ ਕਹੇ ਮਸਤਾਨੀ ਏਹ ਗ੍ਰਾਮ ਕੇੜਾ,
ਸਿੰਘ ਕਹਿਣ ਮਲੌਂਦ ਹੈ ਸ਼ਹਿਰ ਮਾਈ।
ਮਾਈ ਆਖਦੀ ਗੁਰੂ ਦਾ ਸਿੰਘ ਪਿਆਰਾ,
ਮਦਤ ਦੇਇ ਸਾਨੂੰ ਚਲੋ ਸ਼ਹਿਰ ਭਾਈ।
ਸਿੰਘ ਚਾਰ ਬੁਲਾਈ ਸੇ ਫਤੇ ਮਾਈ,
ਅਗੋਂ ਨਜ਼ਰ ਸ੍ਰਦਾਰ ਨੂੰ ਜ਼ਹਿਰ ਆਈ॥੧੮॥
ਡੌਡਾ ਡਰੀਂ ਨਾਹੀਂ ਮਾਈ ਕਹੇ ਬੱਚਾ,
ਧਰਮ ਅਰਥ ਤੈਨੂੰ ਅਸੀ ਸੁਆਲ ਕੀਤਾ।
ਅਗੋਂ ਵੇਖ ਸ੍ਰਦਾਰ ਜਵਾਬ ਦਿਤਾ,
ਦੁਖੀ ਖਾਲਸਾ ਮੋੜ ਮੁਹਾਲ ਕੀਤਾ।
ਮਾਈ ਆਖਦੀ ਪੁਤ ਹੈ ਕੰਜਰੀ ਦਾ,

Sri Satguru Jagjit Singh Ji Elibrary NamdhariElibrary@gmail.com

ਤਾਂਹੀ ਅਸਾਂ ਦਾ ਨਹੀਂ ਖਿਆਲ ਕੀਤਾ।
ਪਹਿਲੇ ਏਸਦੀ ਰੜਕ ਮੁਕਾਇ ਦੇਵੇ,
ਬਚਨ ਖਾਲਸੇ ਨੇ ਗੁਸੇ ਨਾਲ ਕੀਤਾ।
ਢੱਡਾ ਵਾਹਿ ਮਲਾਓਂਦ ਨੂੰ ਲਾਇ ਦਿੰਦੇ,
ਜਦੋਂ ਚਿਤ ਸੁਦਾਰ ਦੇ ਖੋਟ ਹੋਈ।
ਇਕ ਰੋਕ ਆਕੇ ਮੁਸਲਮਾਨ ਕੀਤੀ,
ਪਹਿਲੀ ਖਾਲਸੇ ਦੀ ਓਥੇ ਚੋਟ ਹੋਈ।
ਪਿਛੋਂ ਨਿਗਾ ਸੁਦਾਰ ਦੀ ਵਲ ਕੀਤੀ,
ਜਾਨ ਦੇਖਦੇ ਦੀ ਲੋਟ ਪੋਟ ਹੋਈ।
ਡਰਕੇ ਜਾਇ ਅੰਦ ਕਿਲੇ ਵਿਚ ਲੁਕਾ,
ਪਿਛੋਂ ਸ਼ਹਿਰ ਨੂੰ ਖੋਹ ਖਸੋਟ ਹੋਈ।
ਟਨਾ ਨੇਰੀਆ ਢਾਹਿ ਕੇ ਸਿੰਘ ਕਹਿੰਦੇ,
ਕਾਹਨੂੰ ਆ ਇਸੇ ਹਿੰਦ ਦੇ ਜੋਰ ਉਤੇ।
ਘੋੜੇ ਦੋਮੇ ਤਲਵਾਰ ਸੀ ਹਥ ਆਈ,

ਚਲੋ ਚਲੀਏ ਪੈਣ ਨ ਹੋਰ ਕੁਤੇ।
ਕਿਹਾ ਫੇਰ ਸਰਦਾਰ ਨੇ ਗੋਹਿਆਂ ਨੂੰ,
ਮੁਕੇ ਮਾਰਕੇ ਸਿੰਘ ਮੈਂ ਤੋਰ ਘੱਤੇ।
ਮੂਜੀ ਜਾਨ ਬਚਾਇ ਕੇ ਨਠ ਗਿਆ,
ਝੂਠ ਬੋਲਦਾ ਹੈ ਕੇੜੇ ਜੋਰ ਉਤੇ ॥ ੨੧ ॥
ਤੱਤਾ ਤੁਰੇ ਮਲੌਦ ਤੇ ਸਿੰਘ ਸਾਰੇ,
ਕਢਣ ਕਰਦ ਦੇ ਨਾਲ ਲਕੀਰ ਸੋਈ।
ਜਿਨਾ ਜਿੰਦ ਦੇਣੀ ਹੋਵੇ ਇਕ ਪਾਸੇ,
ਜਾਵੇ ਦੂਸਰਾ ਛਡ ਬਹੀਰ ਕੋਈ।
ਜਿਨਾ ਵੈਲੀਆਂ ਵੈਲਦੀ ਲਈ ਸਿਖੀ,
ਗਏ ਖਾਲਸੇ ਦਾ ਛਡ ਸੀਰਓਈ।
ਸਿਧਾ ਕੋਟਲੇ ਨੂੰ ਹੋਇਆ ਚਾਰ ਬੀਹਾਂ,
ਰਾਹੀਂ ਆਂਵਦਾ ਘਤ ਬਹੀਰ ਸੋਈ।
ਥੱਥਾ ਥਾਇ ਸਿੰਘਾਂ ਡੇਰਾ ਜਾਇ ਕੀਤਾ,

Sri Satguru Jagjit Singh Ji Elibrary NamdhariElibrary@gmail.com

ਸੁਣਾ ਪਿਆ ਸੀ ਲਾਗ ਮਲੇਰ ਦੇ ਜੀ।
ਕਈ ਅਸੀਆਂ ਦੇ ਵਿਚੋਂ ਖਿਸਕ ਜਾਂਦੇ,
ਕਈ ਆਨ ਮਿਲਦੇ ਨਾਲ ਡੇਰਦੇ ਜੀ।
ਸਿਖ ਆਖਦੇ ਕੋਟਲਾ ਸ਼ਹਿਰ ਦੇਖੋ,
ਘੋੜੇ ਵਿਚ ਬਾਜ਼ਾਰ ਦੇ ਫੇਰਦੇ ਜੀ।
ਪਿਆ ਦਹਿਲ ਪਠਾਣਾਂ ਨੂੰ ਅਸੀਂ ਲੁਟੇ,
ਫੌਜ ਭਜ ਹੁਫੇਰਿਓ ਘੇਰ ਦੇ ਜੀ।
ਦੱਦਾ ਦਸਮੇਂ ਗੁਰੂ ਦਾ ਬਚਨ ਏਹੋ,
ਗੱਦੀ ਅਮਰ ਪਠਾਨਾ ਚਾ ਡਾਲ ਟੁਟੇ।
ਅਗੋਂ ਖਾਲਸੇ ਉਠਕੇ ਅਰਜ ਕੀਤੀ,
ਗੁਰੂ ਤੁਰਕਦੇਬੀ ਨੂੰ ਗਾਲ ਸੁਟੇ।
ਜਾਮਾ ਬਾਰਮਾਂ ਧਾਰਕੇ ਠਗ ਲੀਤੇ,
ਦਸਮੇਂ ਗੁਰੂ ਨੇ ਅਕਲ ਦੇ ਨਾਲ ਲੁਟੇ।
ਪਹਿਲੇ ਛੇੜ ਪਠਾਣਾਂ ਨੇ ਆਣ ਛੇੜੀ,

ਪਿਛੋਂ ਸਿੰਘ ਨੇ ਬਾਜ ਦੀ ਚਾਲ ਛੁਟੀ।
ਧੱਧਾ ਧਮਕ ਦਿੱਤੀ ਪਹਿਲੀ ਖਾਲਸੇ ਨੇ;
ਤੁਰਕ ਹੋਇਕੇ ਪਤ੍ਰਾ ਉਡ ਚਲੇ।
ਤੋਬਾ ਕਰਨ ਖੁਦਾਇ ਦਾ ਵਾਸਤਾਈ,
ਲੁਕਣ ਦੇਣ ਨਾ ਮੂਲ ਜਮੀਨ ਥਲੇ।
ਹੀਰਾਸਿੰਘ ਨੇ ਆਖਿਆ ਖਾਲਸੇ ਨੂੰ,
ਬੀਜ ਤੁਰਕਦਾ ਚੁਗਣ ਨੂੰ ਸਿੰਘ ਘਲੇ।
ਤੁਸੀਂ ਖਾਲਸਾ ਜੀ ਖਬਰਦਾਰ ਹੋਵੇ,
ਨੌਮੇ ਗੁਰੂ ਨੇ ਰਖਿਆ ਧਰਮ ਪੱਲੇ।
ਨੱਨਾ ਨਾਸ ਮਲੇਸ਼ ਦਾ ਬਹੁਤ ਕੀਤਾ,
ਬਚੇ ਇਕ ਮੂਰੇ ਬੀਸ ਨਠਕੇ ਜੀ।
ਕਿਸੇ ਕੋਲਛੈਹੀ ਸਫਾ ਜੰਗ ਚੱਕਰ,
ਕੋਈ ਮਾਰਦਾ ਹੈ ਮੁਕਾ ਬੱਟਕੇ ਜੀ।
ਕੋਈ ਮਾਰਦਾ ਡੋਲ ਉਭਾਰਕੇਤੇ,

Sri Satguru Jagjit Singh Ji Elibrary NamdhariElibrary@gmail.com

ਕੋਈ ਸਿਟਦਾ ਤੁਰਕ ਨੂੰ ਫਟਕੇ ਜੀ ।
ਮਦਤ ਕਰੀ ਮਲੇਸ਼ ਦੀ ਹਿੰਦੂਆਂ ਨੇ,
ਸਿੰਘ ਬੀਜ ਦੇਂਦੇ ਨਹੀਂ ਪੱਟਕੇ ਜੀ ।
ਪੱਪਾ ਪਾਰ ਹੋਏ ਜੂਹ ਕੋਟਲੇ ਦੀ,
ਪਿਛੇ ਫੌਜ ਪਠਾਣਾਂ ਦੀ ਮਗਰ ਹੋਈ ।
ਕਿਸੇ ਕੋਲ ਸੇਲਾ ਤਲਵਾਰ ਨੇਜਾ,
ਮਦਤ ਤੁਰਕ ਮਲੇਸ਼ ਦੀ ਜ਼ਬਰ ਹੋਈ ।
ਇਕ ਤੁਰਕ ਨੇ ਹਥ ਦਿਖਾਲ ਦਿਤੇ,
ਹੀਰਾਸਿੰਘ ਤੋਂ ਤੁਰਕ ਦੀ ਅਜਰ ਹੋਈ ।
ਕਾਲਾਸਿੰਘ ਦਿੱਤਾ ਜ਼ੋਰ ਖਾਲਸੇ ਨੇ,
ਤੁਰਕ ਨਠ ਆਏ ਸ਼ਹਿਰ ਖਬਰ ਹੋਈ ।
ਫਫਾ ਫੌਜ ਸਾਰੀ ਸੰਤ ਖਾਲਸੇ ਦੀ,
ਰੜ ਚਲਕੇ ਤੇ ਛੇਤੀ ਨਾਲ ਆਈ ।
ਹੋਈ ਮੁਕਬਰਾਂ ਨੂੰ ਖ਼ਬਰ ਖਾਲਸੇ ਨੇ,

ਕੀਤਾ ਬੁਰਾ ਪਠਾਣਾਂ ਦਾ ਹਾਲ ਭਾਈ ।
ਬੇਈਮਾਨ ਚੰਡਾਲ ਦੀ ਤੁਖਮ ਆਖੇ,
ਫੜਾਂ ਖਾਲਸੇ ਨੂੰ ਧੋਖੇ ਨਾਲ ਜਾਈ ।
ਲਵਾਂ ਜਾਇ ਇਨਾਮ ਫਰੰਗੀਆਂ ਤੇ,
ਰਾਜੇ ਦੇਣ ਮੈਨੂੰ ਧਨ ਮਾਲ ਕਾਈ ।
ਬੱਬਾ ਬੰਦਗੀ ਕਰਨ ਸਹੀਦ ਮਾਰੇ,
ਰੜ ਵਿਚ ਸੇ ਗੁਰੂ ਦੇ ਸਿੰਘ ਦੰਗੇ ।
ਓਸ ਨਗਰ ਸਹੀਦਾਂ ਦੀ ਠਹਿਰ ਭਾਰੀ,
ਸੋਭੀ ਆਪ ਸਹੀਦ ਸੇ ਨਾਮ ਰੰਗੇ ।
ਦਿਤੀ ਮੁਕਬਰਾਂ ਨੇ ਖਬਰ ਸੇਰਪੁਰਨੂੰ,
ਸਿੰਘ ਕਰਨ ਸਰਕਾਰਾਂ ਦੇ ਨਾਲ ਦੰਗੇ।
ਠਾਣੇਦਾਰ ਦੇ ਬਾਤ ਨਾ ਚਿਤ ਲੱਗੀ,
ਬੇਈਮਾਣ ਨਾ ਬੋਲਣੇ ਮੂਲ ਸੰਗੇ ।
ਭੱਭਾ ਭਜਨ ਦੇ ਸਿੰਘ ਹੈਂ ਕਰਨ ਬਾਲੇ,

Sri Satguru Jagjit Singh Ji Elibrary NamdhariElibrary@gmail.com

ਮੁਕੱਬਰ ਕੁਤਿਆਂ ਮਾਂਗ ਦੁਰਕਾਰ ਦਿੱਤੇ ।
ਅਗੋਂ ਮੁਕਬ੍ਰਾਂ ਵਾਸਤਾ ਬਹੁਤ ਪਾਇਆ,
ਠਾਣੇਦਾਰ ਆਕੇ ਸਿੰਘ ਫਾਲ ਦਿਤੇ ।
ਧਿੰਘ ਕਹਿਣ ਅਤਵਾਰ ਨਾ ਹਿੰਦੂਆਂ ਦਾ,
ਠਾਣੇ ਨੇਮ ਰੱਬ ਦੇ ਨਾਲ ਦਿੱਤੇ ।
ਮਦੱਤ ਕਰਾਂ ਜੋ ਚਲੋ ਜੀ ਨਾਲ ਮੇਰੇ,
ਸਾਨੂੰ ਗੁਰੂ ਦੇ ਸਿੰਘ ਅਕਾਲ ਦਿੱਤੇ ॥
ਮੱਮਾ ਮਤਮਾਰੀ ਗਈ ਹਿੰਦੂਆਂ ਦੀ,
ਨਾਲ ਖਾਲਸੇ ਜੁਲਮ ਕਮਾਉਨ ਲਗੇ ।
ਰੜੋਂ ਉਠਕੇ ਤੇ ਸੇਰ ਪੁਰ ਆਏ,
ਲੰਗਰ ਕਰਨ ਦੀ ਡੌਲ ਬਣਾਉਣ ਲਗੇ ।
ਪੰਜ ਸਿੰਘ ਬੁਲਾਇਕੇ ਲਾਓਣ ਬੇੜੀ,
ਖਿਲਾ ਬੋਲਕੇ ਚਿਤ ਚਰਾਉਣ ਲਗੇ ।
ਹੋਇ ਹਿੰਦੂਏ ਤੁਰਤ ਮਲੇਛ ਜੇਹੇ,

ਧੋਖਾ ਖਾਲਸੇ ਨਾਲ ਕਮੌਣ ਲਗੇ ।
ਜੇੱਜਾ ਧਾਂਣਕਾਂਣੇ ਮੁਸਲਮਾਨ ਹਿੰਦੂ,
ਅੰਨੇ ਆਪਣਾ ਆਪ ਗਮਾਂਉਣ ਲਗੇ ।
ਸਿੰਘਾਂ ਗਊਦੇ ਵਾਸਤੇ ਉਜਰ ਕੀਤਾ,
ਬੈਰੀ ਹਿੰਦੂਆਂ ਨੂੰ ਨਜਰ ਆਉਣ ਲਗੇ ।
ਜਦੋਂ ਕੋਟਲੇ ਸਹਿਰ ਪੁਚਾਏ ਦਿੰਦੇ,
ਹਿੰਦੂ ਤੁਰਕ ਤਾਂ ਸੁਕਰ ਮਨਾਉਣ ਲਗੇ ।
ਕੀਤੀ ਅਦਲ ਦੀ ਗਲ ਨ ਗੋਰਿਆਂ ਨੇ,
ਨਾਲ ਜੋਰਦੇ ਜੁਲਮ ਪੁਚਾਉਣ ਲਗੇ ।
ਨਾਭੇ ਸਹਿਰ ਪਟਿਆਲੇ ਦੀ ਫੌਜ ਤਾਈਂ,
ਨਾਮਧਾਰੀਏ ਸਿੰਘ ਸੁਣਾਉਣ ਲਗੇ ॥
ਰਾਰਾ ਰੰਗ ਬਟਾਇ ਕਿਉਂ ਖਾਲਸਾ ਜੀ,
ਤੁਸੀਂ ਸਿੰਘ ਸਦਾਰ ਦੀ ਫੌਜਦੇ ਹੋਂ ।
ਲਾਹਿ ਕਾਲੀਆਂ ਬੁਰਦੀਆਂ ਫੂਕ ਦੇਵੋ,

Sri Satguru Jagjit Singh Ji Elibrary NamdhariElibrary@gmail.com

ਤੁਸੀ ਚਿਟੀਆਂ ਦੇ ਨਾਲ ਸੌਜਦੇ ਹੋਂ ।
ਤੋਪਾਂ ਚਕੀ ਆਇਸਾਵੇ ਮਾਰਨੇ ਨੂੰ,
ਕਾਹਨੂੰ ਵਿਚ ਹਿੰਦ ਰੈਣ ਦੇ ਖੋਜਦੇ ਹੋਂ ।
ਪਛੋਤਾਓ ਮਲੇਛ ਦੇ ਨਾਲ ਰਲਕੇ,
ਤੁਸੀ ਮਾਲਕੀ ਆਪਣੀ ਮੋੜਦੇ ਹੋਂ ।
ਲੱਲਾ ਲਾਗ ਜਮਾਲਪੁਰ ਪਿੰਡ ਦੇ ਜੀ,
ਤੋਪਖਾਨਾ ਮਲੇਛਾਂ ਨੇ ਜੋੜਿਆਈ ।
ਕਰਕੇ ਸਿੰਘ ਮੋਹਰੇ ਬੱਤੀ ਲਾਿ ਦਿੰਦੇ,
ਪੁਠੀ ਕਲਾ ਚਾ ਗੇੜ ਮਰੋੜਿਆਈ ।
ਸਿੰਘ ਹੌਸਲੇ ਨਾਲ ਸ਼ਹੀਦ ਹੋਏ,
ਮਹਾਰਾਜ ਤੇ ਮੁਖ ਨ ਮੋੜਿਆਈ ।
ਪੱਕਾ ਰੋਗ ਮਲੇਛ ਨੂੰ ਲਾਇ ਦਿਤਾ,
ਧਰਮ ਰਖਣਾ ਗੁਰੂ ਨੇ ਲੋੜਿਆਈ ।
ਵੱਵਾ ਵਿਚ ਜਹਾਨ ਦੇ ਖਬਰ ਹੋਈ,

Sri Satguru Jagjit Singh Ji Elibrary NamdhariElibrary@gmail.com

ਕਾਲਾ ਸੁਰਖ ਅਕਾਸ ਦਾ ਰੰਗ ਹੋਇਆ ।
ਸਾਲ ਉਨੀਸੈ ਅਠਾਈਆ ਬਰਤਿਆ ਸੀ,
ਸੰਤ ਖਾਲਸੇ ਦਾ ਜਦੋਂ ਜੰਗ ਹੋਇਆ ।
ਕਈ ਮੁਕਬਰਾਂ ਸਿੰਘ ਫੜਾਇ ਦਿਤੇ,
ਸਿਦਕ ਕਈਆਂ ਦਾ ਅੰਗ ਤੇ ਭੰਗ ਹੋਇਆ ।
ਕਈ ਨਮੋਂ ਬਹੋਰ ਦੇ ਵਿਚ ਹੋਏ,
ਕਈ ਹੋਣ ਦਾ ਚਿਤ ਤੁਰੰਗ ਹੋਇਆ ।
ਕਾਲਾਸਿੰਘ ਨੂੰ ਚੌਦਮੇਂ ਬਰਸ ਪਿਛੋਂ,
ਸਤਗੁਰੂ ਦੇ ਸਬਦ ਦਾ ਸੰਗ ਹੋਇਆ ।
ਝਾੜਾ ਝਾੜ ਮਿਟਾਇਕੇ ਦੂਰ ਕੀਤੀ,
ਜਰਮ ਕਰਮ ਦਾ ਰੋਗ ਮਿਟਾਇ ਦਿੱਤਾ।
ਪ੍ਰਗਟ ਹੋਇਕੇ ਤੇ ਭੈਣੀ ਸਾਹਿਬ ਅੰਦ੍ਰ,
ਸੰਤ ਖਾਲਸਾ ਪੰਥ ਚਲਾਇ ਦਿੱਤਾ ।
ਵਾਹਿਗੁਰੂ ਦਾ ਜਾਪ ਜਪਾਇ ਕੇ ਜੀ,

Sri Satguru Jagjit Singh Ji Elibrary NamdhariElibrary@gmail.com

। ਜੀ ਨਰਕੀ ਜੀਵ ਬੈਕੁੰਠ ਪਹੁੰਚਾਇ ਦਿੱਤਾ।
ਰਾਮਸਿੰਘ ਸੱਚੇ ਪਾਤਸ਼ਾਹ ਨੇ ਜੀ,
। ਜੀ ਜਮਡੰਡ ਤਰਾਸ ਮਟਾਇ ਦਿੱਤਾ॥ ੩੬ ॥
ਨੰਗਲ ਵੱਡਾ ਪਖੋਵਾਲ ਖਾਸ ਮੇਰਾ,
। ਜੀ ਭੈਣੀ ਸਾਹਿਬ ਸੋਲਾਂ ਕੋਸ ਧਾਮ ਹੈ ਜੀ।
ਸੁੰਦਰ ਸਿੰਘ ਮੁਤਾਬ ਹੈ ਸਿੰਘ ਭਾਈ,
। ਜੀ ਨਾਮਾਂ ਬਨਸੀਆਂ ਦਾ ਸਾਡਾ ਜਾਮ ਹੈ ਜੀ।
ਸਾਲ ਉਨੀਸੇ ਵਿਚ ਬਤਾਲੀਏ ਦੇ,
। ਜੀ ਅਸੀਂ ਪੁਛਿਆ ਗੁਰੂ ਦਾ ਨਾਮ ਹੈ ਜੀ।
ਸਤਿਗੁਰੂ ਬਗੈਰ ਅੰਧੇਰ ਸਾਰੇ,
। ਜੀ ਓਧੀ ਬੰਦਗੀ ਵਿਚ ਆਰਾਮ ਹੈ ਜੀ।
ਰਾਮਸਿੰਘ ਲਭਾ ਗੁਰੂ ਭੁਲਿਆਂ ਨੂੰ,
। ਮਿਲੀ ਸੱਚ ਦੇ ਗੁਰੂ ਦੀ ਸ਼ਾਮ ਹੈ ਜੀ ॥੩੭॥
ਸਤਿਗੁਰੂ ਦੀ ਬੰਦਗੀ ਜਿਨਾ ਕੀਤੀ,

Sri Satguru Jagjit Singh Ji Elibrary NamdhariElibrary@gmail.com

ਬੇੜਾ ਓਨਾ ਦਾ ਸਿੰਧ ਤੇ ਪਾਰ ਹੋਇਆ।
ਚਾਰ ਬਰਨ ਮੈਂ ਗੁਰੂ ਦੀ ਆਦਿ ਸਿਖੀ,
ਨਮਾਂ ਬੈਰੀਆਂ ਕੌਮ ਤਿਆਰ ਹੋਇਆ।
ਜੰਗੀ ਭਜਨ ਤੇ ਰਹਿਤ ਹੈ ਜੰਗੀਆਂ ਦੀ,
ਸੋਬੀ ਰੂਸ ਫਰੰਗੀ ਦਾ ਯਾਰ ਹੋਇਆ।
ਸਰਨ ਪਿਆਂ ਨੂੰ ਬਖਸਣਾ ਮਿਹਰਮਾਨਾ,
ਵਾਹਿਗੁਰੂ ਬਖਸਿੰਦਗੀ ਹਾਰ ਹੋਇਆ॥

ਇਤਿ ਸ੍ਰੀ ਪੈਂਤੀਸ ਅਖਰੀ ਸੰਪੂਰਣ

ਦੋਹਰਾ॥

ਬੈਰੂਾ ਖਸੀ ਜੋ ਕਰੈ ਡੂੰਢਾ ਲਏ ਬਿਆਜ॥
ਪੈਸਾ ਲੜਕੀ ਕਾ ਲਏ ਸਜਾ ਦੇਤ ਮਹਾਰਾਜ॥

ਕਬਿੱਤ॥

ਜੀਨੂੰ ਆਖਦੇ ਅਕਾਲ ਸੁਰਗ ਲੋਕ ਤੇ
ਖਿਆਲ, ਸੋਈ ਪਰਗਟਿਆ ਗੁਪਾਲ ਰਾਮ

Sri Satguru Jagjit Singh Ji Elibrary NamdhariElibrary@gmail.com

ਸਿੰਘ ਜੋ ਕਹਾਉਂਦਾ । ਜੇੜਾ ਸੁਣੀਂਦਾ ਸੀ
ਦੂਰ ਸੋਈ ਦੇਖਿਆ ਹਦੂਰਿ ਜੈਸੇ ਪਾਣੀ ਉਤੇ
ਬੂਰ ਪਉਣ ਛਿਨ ਮੈਂ ਹਟਾਉਂਦਾ । ਤੇਰੀ ਕਹੇ
ਸੋ ਪਛਾਣ ਜੀਨੂੰ ਦੇਵੇਂ ਆਪ ਤਾਂਣ, ਸਾਖ
ਦਿੰਦੇ ਸੋ ਪੁਰਾਣ ਰਾਮ ਵਾਢੀ ਬੰਸ ਆਉਂਦਾ ।
ਕੀਤੀ ਧਰਤ ਨੇ ਪੁਕਾਰ ਮੈਂ ਤਾਂ ਹੋਈ ਹਾਂ
ਲਚਾਰ ਮੈਨੂੰ ਦੇਣਾ ਜੀ ਦੀਦਾਰ ਭਾਰ
ਚਕਿਆ ਨਹੀਂ ਜਾਉਂਦਾ ॥ ੧ ॥ ਸੁਣੀ
ਅਰਜੋਈ ਮਹਾਰਾਜ਼ ਮੰਨੀ ਸੋਈ ਐਸਾ ਦੇਖਕੇ
ਤਰਸ ਤਾਂ ਧਰਤ ਉਤੇ ਆਉਂਦਾ । ਕੀਤਾ ਤੁਰਕ
ਤੋਂ ਫਰਕ ਕਰੋ ਏਸਨੂੰ ਗਰਕ ਦੇਖ ਗਊਦਾ
ਤਰਸ ਤਾਂ ਫਰਕ ਦਿਲ ਜਾਉਂਦਾ । ਸਿਧ ਜੋ
ਚੁਰਾਸੀ ਨਮੋਂ ਨਾਥ ਤੇ ਬਵੰਜਾ ਬੀਰ ਧਰਨ
ਤੇਰਾ ਧਿਆਨ ਬੀਨ ਨਾਰਦ ਬਜਾਉਂਦਾ । ਕਵਿ

Sri Satguru Jagjit Singh Ji Elibrary NamdhariElibrary@gmail.com

ਬਲਿਹਾਰੀ ਮੇਰੀ ਕੈਦਨਾ ਮੁਰਾਰੀ ਤੂੰ ਉਤਾਰਾਂ ਮੈਂ ਉਤਾਰੀ ਤੇਰਾ ਅੰਤ ਨਾਹੀਂ ਆਉਂਦਾ ॥ ੨ ॥ ਸਿੱਖੀ ਤੇਰੀ ਹੈ ਨਧੜਕ ਬੱਧੀ ਨਾਮ ਰੂਪੀ ਸੜਕ ਪੈਂਦੀ ਬਰਖਾ ਵਾਂਗੂ ਧਮਕ ਜਿਥੇ ਸਬਦ ਮਿਲ ਗਾਉਂਦਾ ॥ ਕੜਾ ਕੱਛ ਤੇ ਕ੍ਰਿਪਾਨ ਸਣੇ ਕੇਸੀ ਅਸ਼ਨਾਨ ਧਰਨਾ ਸਤਿਗੁਰਾਂ ਦਾ ਧਿਆਨ ਹੋਰ ਆਸਰਾ ਹਟਾਉਂਦਾ । ਜੇੜੀ ਮੀਆਂ ਦੀ ਮਸੀਤ ਓਹਦੀ ਕਦੇ ਨਹੀਂ ਪ੍ਰੀਤ ਛੱਡ ਪੱਥਰਾਂ ਦੀ ਪੂਜਾ ਦੇਰਾ ਸਚਦਾ ਬਨਾਉਂ-ਦਾ । ਜਿੱਥੇ ਖਾਲਸੇ ਦਾ ਸਾਹ ਨਹੀਂ ਬਾਮਣਾ ਨੂੰ ਲਾਹ ਘਰ ਹੋਵੇ ਜੇ ਸਕਤ ਮੇਲਾ ਖਾਲਸੇ ਦਾ ਲਾਉਂਦਾ ॥ ੩ ॥ ਰੀਤ ਗੁਰਾਂ ਨੇ ਚਲਾਈ ਸੋਈ ਖਾਲਸੇ ਕਮਾਈ ਪੇਛ ਪੀਮਿਆਂ ਦੇ ਆਈ ਪਾਣੀ ਸਕਿਆਂ ਦਾ ਹਟਾਉਂਦਾ। ਕਰਕੇ ਲੋਭ

Sri Satguru Jagjit Singh Ji Elibrary NamdhariElibrary@gmail.com

ਦਾ ਤਿਆਗ ਰਚਿਆ ਨਾਮ ਦਾ ਜਹਾਜ ਉਤੇ ਚਾੜ ਚਾੜ ਸਿਵਕਾਂ ਨੂੰ ਪਾਰ ਲੈ ਲੰਘਾਓਦਾ। ਆਪਨਾ ਨਾਮ ਆ ਸੁਖੈਨ ਹੋਈ ਸੇਵਕਾਂ ਨੂੰ ਚੈਨ ਖੁਲੇ ਅੰਧਕਾਰ ਨੈਨ ਬੈਨ ਕੰਨ ਮੇਂ ਸੁਣਾਉਂਦਾ। ਜੇੜੇ ਆਖਦੇ ਕਲਾਮ ਸੋਈ ਹੋਣਗੇ ਬਰਾਨ ਸਾਰਾ ਦੇਖੂਰ ਜਹਾਨ ਕਵੀ ਕਹਿਕੇ ਸੁਣਾਉਂਦਾ ॥ ੪ ॥

ਬੰਬੇ ਮੈਸ਼ੀਨ ਪ੍ਰੈਸ ਮੋਹਨਲਾਲ ਰੋਡ ਲਾਹੌਰ ਮੇਂ ਛਪੀ ॥

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com